# ਵਿਅਕਤੀਗਤ ਸਿੱਖਿਆ ਯੋਜਨਾ (IEP)
# ਮਾਪਿਆਂ ਲਈ ਗਾਈਡ

## ਵਿਅਕਤੀਗਤ ਸਿੱਖਿਆ ਯੋਜਨਾ (IEP) ਕੀ ਹੈ?

IEP ਇੱਕ ਲਿਖਤੀ ਯੋਜਨਾ ਹੁੰਦੀ ਹੈ। ਇਹ ਕੰਮਕਾਜੀ ਦਸਤਾਵੇਜ਼ ਹੈ ਜੋ ਕਿਸੇ ਵਿਅਕਤੀਗਤ ਅਸਧਾਰਣ ਵਿਦਿਆਰਥੀ ਦੀਆਂ ਮਜ਼ਬੂਤੀਆਂ ਅਤੇ ਲੋੜਾਂ ਬਾਰੇ, ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਅਤੇ ਸੇਵਾਵਾਂ ਬਾਰੇ ਅਤੇ ਇਸ ਬਾਰੇ ਵਰਣਨ ਕਰਦਾ ਹੈ ਕਿ ਪ੍ਰੋਗਰਾਮ ਅਤੇ ਸੇਵਾਵਾਂ ਕਿਵੇਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਇਹ ਵਿਦਿਆਰਥੀ ਦੀ ਪ੍ਰਗਤੀ ਦਾ ਵਰਣਨ ਕਰਦਾ ਹੈ, ਅਤੇ ਇਸ ਵਿੱਚ ਸਫਲ ਤਬਦੀਲੀ ਲਿਆਉਣ ਲਈ ਵਿਦਿਆਰਥੀਆਂ ਦੀ ਸਹਾਇਤਾ ਲਈ ਯੋਜਨਾ ਸ਼ਾਮਲ ਹੁੰਦੀ ਹੈ।

IEP ਅੱਗੇ ਦਿੱਤੀਆਂ ਗੱਲਾਂ ਦਾ ਸੰਖੇਪ ਵਰਣਨ ਕਰਦੀ ਹੈ:

- ਤੁਹਾਡੇ ਬੱਚੇ ਦੀਆਂ ਮਜਬੂਤੀਆਂ ਅਤੇ ਲੋੜਾਂ
- ਮੁਲਾਂਕਣ ਡਾਟਾ
- ਤੁਹਾਡੇ ਬੱਚੇ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਵਿਸ਼ੇਸ਼ ਸਿੱਖਿਆ ਸੇਵਾਵਾਂ
- ਅਨੁਕੂਲਤਾਵਾਂ (ਸਹਾਇਤਾ, ਸੇਵਾਵਾਂ ਜੋ ਤੁਹਾਡੇ ਬੱਚੇ ਦੀ ਪਾਠਕ੍ਰਮ ਤੱਕ ਪਹੁੰਚ ਕਰਨ ਅਤੇ ਪੜ੍ਹਾਈ ਨੂੰ ਪ੍ਰਦਰਸ਼ਿਤ ਕਰਨ ਵਿੱਚ ਮਦਦ ਕਰਨਗੀਆਂ)
- ਪ੍ਰੋਗਰਾਮ ਵਿੱਚ ਤਬਦੀਲੀਆਂ (ਓਨਟੇਰੀਓ ਪਾਠਕ੍ਰਮ ਵਿੱਚ ਗ੍ਰੇਡ-ਪੱਧਰ ਦੀਆਂ ਉਮੀਦਾਂ ਲਈ ਲੋੜੀਂਦੀਆਂ ਤਬਦੀਲੀਆਂ)
- ਓਨਟੇਰੀਓ ਪਾਠਕ੍ਰਮ ਵਿੱਚ ਦਰਸਾਏ ਨਾ ਜਾਣ ਵਾਲੇ ਵਿਕਲਪਿਕ ਪ੍ਰੋਗਰਾਮ/ਕੋਰਸ (ਜਿਵੇਂ ਕਿ ਨਿੱਜੀ ਦੇਖਭਾਲ, ਸਥਿਤੀ ਗਿਆਨ/ਗਤੀਸ਼ੀਲਤਾ, ਆਡੀਟਰੀ ਵਰਬਲ ਇੰਟਰਵੈਨਸ਼ਨ (ਸੁਣਨ-ਸਹਾਇਤਾ ਯੰਤਰ ਨਾਲ ਬੱਚਿਆਂ ਨੂੰ ਸੁਣਨ ਬਾਰੇ ਸਿਖਾਉਣਾ) ਲਈ ਰਣਨੀਤੀਆਂ, ਅਤੇ/ਜਾਂ ਅਮਰੀਕੀ ਸੰਕੇਤਕ ਭਾਸ਼ਾ ਦੇ ਹੁਨਰਾਂ ਦਾ ਵਿਕਾਸ।)
- ਹਰੇਕ ਪ੍ਰੋਗਰਾਮ ਖੇਤਰ ਵਿੱਚ ਤੁਹਾਡੇ ਬੱਚੇ ਦੀ ਪ੍ਰਾਪਤੀ ਦਾ ਮੌਜੂਦਾ ਪੱਧਰ
- ਤੁਹਾਡੇ ਬੱਚੇ ਲਈ ਟੀਚੇ ਅਤੇ ਖਾਸ ਉਮੀਦਾਂ
- ਤੁਹਾਡੇ ਬੱਚੇ ਦੀਆਂ ਪ੍ਰਾਪਤੀਆਂ ਅਤੇ ਪ੍ਰਗਤੀ ਦੀ ਸਮੀਖਿਆ ਕਰਨ ਲਈ ਮੁਲਾਂਕਣ ਰਣਨੀਤੀਆਂ
- ਨਿਯਮਿਤ ਅਪਡੇਟ, ਮਿਤੀਆਂ ਦਿਖਾਉਣੀਆਂ, ਨਤੀਜੇ ਅਤੇ ਸਿਫਾਰਸ਼ਾਂ
- ਇੱਕ ਪਰਿਵਰਤਨ ਯੋਜਨਾ
- ਡਾਕਟਰੀ/ਸਿਹਤ ਸਹਾਇਤਾ/ਸੇਵਾਵਾਂ
- ਸੁਰੱਖਿਆ ਯੋਜਨਾ

# IEP ਕਿਵੇਂ ਕੰਮ ਕਰਦੀ ਹੈ?

ਇੱਕ IEP ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਸੰਖੇਪ ਜਾਣਕਾਰੀ ਦਿੰਦੀ ਹੈ ਜੋ ਤੁਹਾਡਾ ਬੱਚਾ ਪ੍ਰਾਪਤ ਕਰਦਾ ਹੈ। ਇੱਕ IEP ਦਾ ਵਿਕਾਸ ਕਰਨ ਲਈ ਪੰਜ ਪੜਾਅ ਹਨ:

1. ਜਾਣਕਾਰੀ ਇਕੱਤਰ ਕਰਨੀ।
2. ਦਿਸ਼ਾ ਤੈਅ ਕਰਨੀ।
3. ਯੋਜਨਾ ਬਣਾਉਣੀ।
4. ਵਿਓਂਤਬੱਧ ਗਤੀਵਿਧੀਆਂ ਨੂੰ ਪੂਰਾ ਕਰਨਾ।
5. IEP ਦੀ ਸਮੀਖਿਆ ਕਰਨੀ ਅਤੇ ਇਸ ਨੂੰ ਅਪਡੇਟ ਕਰਨਾ, ਜਿਸ ਵਿੱਚ ਬਦਲਾਅ ਯੋਜਨਾ ਅਤੇ ਸੁਰੱਖਿਆ ਯੋਜਨਾ ਸ਼ਾਮਲ ਹਨ

# ਦਿਸ਼ਾ ਤੈਅ ਕਰਨੀ

## ਮੈਂ ਇੱਕ ਪ੍ਰਭਾਵਸ਼ਾਲੀ IEP ਟੀਮ ਮੈਂਬਰ ਵੱਜੋਂ ਕਿਵੇਂ ਕੰਮ ਕਰਾਂ?

ਵਿਦਿਆਰਥੀ ਉਸ ਸਮੇਂ ਸਭ ਤੋਂ ਸਫਲ ਹੁੰਦੇ ਹਨ ਜਦੋਂ ਸਾਰੇ ਟੀਮ ਮੈਂਬਰ ਪ੍ਰਾਪਤੀਯੋਗ ਟੀਚਿਆਂ ਲਈ ਇਕੱਠੇ ਮਿਲ ਕੇ ਕੰਮ ਕਰਦੇ ਹਨ।

ਮਾਪੇ ਹੋਣ ਦੇ ਨਾਤੇ:

- ਹਰ ਸਮੇਂ ਆਪਣੇ ਬੱਚੇ ਵੱਲ ਧਿਆਨ ਕੇਂਦਰਤ ਰੱਖੋ;
- ਅਧਿਆਪਕ ਨੂੰ ਉਹਨਾਂ ਉਮੀਦਾਂ ਬਾਰੇ ਦੱਸੋ ਜੋ ਤੁਹਾਨੂੰ ਆਪਣੇ ਬੱਚੇ ਦੀ ਪੜ੍ਹਾਈ ਤੋਂ ਹਨ;
- ਸੁਝਾਅ ਅਤੇ ਜਾਣਕਾਰੀ ਲਿਆਓ;
- ਪ੍ਰਸ਼ਨ ਪੁੱਛੋ; ਅਤੇ
- ਹਰੇਕ ਰਾਏ ਨੂੰ ਅਹਿਮੀਅਤ ਦਿਓ।

# ਮਾਪੇ ਹੋਣ ਦੇ ਨਾਤੇ, ਮੈਂ ਕੀ ਭੂਮਿਕਾ ਅਦਾ ਕਰਦਾ/ਕਰਦੀ ਹਾਂ?

ਮਾਪੇ IEP ਦੀ ਪ੍ਰਕਿਰਿਆ ਅਤੇ ਬਦਲਾਅ ਦੀ ਯੋਜਨਾ ਵਿੱਚ ਮਜਬੂਤ ਸਹਾਇਕ ਭੂਮਿਕਾ ਨਿਭਾਉਂਦੇ ਹਨ। IEP ਦੇ ਪੰਜ ਪੜਾਵਾਂ ਨੂੰ ਸਮਝਣਾ ਅਤੇ ਇਹਨਾਂ ਵਿੱਚ ਭਾਗ ਲੈਣ ਮਹੱਤਵਪੂਰਨ ਹੈ। ਇਸ ਤੋਂ ਇਲਾਵਾ, ਯਕੀਨੀ ਬਣਾਓ ਕਿ ਤੁਸੀਂ 30 ਸਕੂਲੀ ਦਿਨਾਂ ਅੰਦਰ ਆਪਣੇ ਬੱਚੇ ਦੀ IEP ਦੀ ਇੱਕ ਕਾਪੀ ਬਾਰੇ ਪੁੱਛਦੇ ਹੋ, ਤਾਂ ਜੋ ਤੁਸੀਂ ਵਿਓਂਤਬੱਧ ਕੀਤੀਆਂ ਗਤੀਵਿਧੀਆਂ ਲਈ ਘਰ ਵਿੱਚ ਸਹਾਇਤਾ ਕਰ ਸਕੋ। ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਪ੍ਰਤੀ ਪਹੁੰਚ ਬਾਰੇ ਜਿਹੜੀਆਂ ਗੱਲਾਂ ਜਾਣਦੇ ਹੋ ਹੋਰ ਕੋਈ ਨਹੀਂ ਜਾਣਦਾ। ਅਧਿਆਪਕ ਨੂੰ ਆਪਣੇ ਬੱਚੇ ਦੀਆਂ ਇਹ ਗੱਲਾਂ ਬਾਰੇ ਦੱਸਣਾ ਯਕੀਨੀ ਬਣਾਓ:

- ਪ੍ਰਤਿਭਾਵਾਂ ਅਤੇ ਯੋਗਤਾਵਾਂ;
- ਪਸੰਦ, ਨਾਪਸੰਦ ਆਉਣ ਵਾਲੀਆਂ ਗੱਲਾਂ ਅਤੇ ਦਿਲਚਸਪੀਆਂ;
- ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਦਿਲਚਸਪੀ

- ਪਰਿਵਾਰਕ ਰਿਸ਼ਤੇ ਅਤੇ ਡਾਇਨੈਮਿਕਸ (ਪਰਿਵਾਰਕ ਮੈਂਬਰਾਂ ਦਰਮਿਆਨ ਰਿਸ਼ਤੇ ਅਤੇ ਪਰਸਪਰ-ਮੇਲਜੋਲ ਦੇ ਪੈਟਰਨ) (ਜਿਸ ਵਿੱਚ ਵਿਸਥਾਰਤ ਪਰਿਵਾਰ ਅਤੇ ਪਾਲਤੂ ਪਸ਼ੂ ਵੀ ਸ਼ਾਮਲ ਹਨ);
- ਸਾਥੀਆਂ ਨਾਲ ਰਿਸ਼ਤੇ ਅਤੇ ਡਾਇਨੈਮਿਕਸ;
- ਪਰਿਵਾਰਕ ਨੇਮ ਅਤੇ ਕਾਰਜਕ੍ਰਮ;
- ਭਵਿੱਖ ਲਈ ਉਮੀਦਾਂ ਅਤੇ ਸੁਫਨੇ ਜਿਸ ਵਿੱਚ ਕੋਈ ਵੀ ਥੋੜ੍ਹੇ ਸਮੇਂ ਅਤੇ/ਜਾਂ ਲੰਬੇ ਸਮੇਂ ਦੇ ਟੀਚੇ ਸ਼ਾਮਲ ਹਨ; ਅਤੇ
- ਤੁਹਾਡਾ ਬੱਚਾ ਕਿਵੇਂ ਬਿਹਤਰੀਨ ਢੰਗ ਨਾਲ ਸਿੱਖਦਾ ਹੈ (ਮਿਸਾਲ ਲਈ ਕੰਮ ਕਰਕੇ, ਪ੍ਰਦਰਸ਼ਨ ਰਾਹੀਂ ਆਦਿ)

## ਮੇਰੇ ਬਾਰੇ ਸਭ ਕੁਝ / IPP ਬਾਰੇ

ਤੁਸੀਂ ਆਪਣੇ ਬੱਚੇ ਤੋਂ ਉਸ ਦੇ ਆਲ ਅਬਾਊਟ ਮੀ ਪੋਰਟਫੋਲੀਓ (K-6) ਜਾਂ ਇੰਡਵਿਜੂਅਲ ਪਾਥਵੇਜ਼ ਪਲਾਨ (ਵਿਅਕਤਗਤ ਮਾਰਗ ਯੋਜਨਾ) (7-12 ਗ੍ਰੇਡ) ਬਾਰੇ ਪੁੱਛਣ ਬਾਰੇ ਵਿਚਾਰ ਕਰਨ ਦੇ ਚਾਹਵਾਨ ਹੋ ਸਕਦੇ ਹੋ। ਸਫਲਤਾ ਲਈ ਰਸਤਾ ਬਣਾਉਣ (Creating Pathways to Success) ਦੇ ਹਿੱਸੇ ਵੱਜੋਂ: ਸਿੱਖਿਆ ਅਤੇ ਕੈਰੀਅਰ/ਜੀਵਨ ਦੀ ਯੋਜਨਾ ਸਬੰਧੀ ਪ੍ਰੋਗਰਾਮ, ਇਹ ਸਾਧਨ ਵਿਦਿਆਰਥੀਆਂ ਦੇ ਭਵਿੱਖ ਲਈ ਯੋਜਨਾ ਬਣਾਉਣ ਵਿੱਚ ਉਹਨਾਂ ਦੀ ਉਸ ਸਮੇਂ ਸਹਾਇਤਾ ਕਰਦੇ ਹਨ ਜਦੋਂ ਉਹ ਤਜਰਬਿਆਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਪੜ੍ਹਾਈ ਦੇ 4 ਅਹਿਮ ਖੇਤਰਾਂ ਵਿੱਚ ਜਾਣਕਾਰੀ ਅਤੇ ਹੁਨਰਾਂ ਦਾ ਵਿਕਾਸ ਕਰਦੇ ਹਨ:

- ਮੈਂ ਕੌਣ ਹਾਂ?
- ਮੇਰੇ ਲਈ ਕੀ ਮੌਕੇ ਹਨ?
- ਮੈਂ ਕੀ ਬਣਨਾ ਚਾਹੁੰਦਾ/ਚਾਹੁੰਦੀ ਹੈ?
- ਆਪਣੇ ਟੀਚੇ ਪੂਰੇ ਕਰਨ ਲਈ ਮੇਰੀ ਕੀ ਯੋਜਨਾ ਹੈ?

ਸਫ਼ਲਤਾ ਲਈ ਰਸਤੇ ਬਣਾਉਣੇ (Creating Pathways to Success) ਪ੍ਰੋਗਰਾਮ ਲਈ ਜ਼ਿਆਦਾ ਜਾਣਕਾਰੀ ਲੈਣ ਲਈ, ਕਿਰਪਾ ਕਰਕੇ www.yrdsb.ca ਦੀ ਜਨਤਕ ਵੈਬਸਾਈਟ 'ਤੇ YRDSB ਦੀਆਂ ਵਿਦਿਆਰਥੀ ਅਤੇ ਮਾਪੇ ਲਈ ਟੈਬਾਂ 'ਤੇ ਜਾਓ

ਤੁਸੀਂ ਆਪਣੇ ਬੱਚੇ ਦੇ ਅਧਿਆਪਕ ਨੂੰ ਅੱਗੇ ਦਿੱਤੇ ਸਿਰਲੇਖਾਂ ਤਹਿਤ ਜਾਣਕਾਰੀ ਮੁਹੱਈਆ ਕਰਨ ਬਾਰੇ ਵਿਚਾਰ ਕਰਨ ਲਈ ਵੀ ਇਛੁੱਕ ਹੋ ਸਕਦੇ ਹੋ:

ਸਰੀਰਕ

ਬੌਧਿਕ

ਵਿਦਿਅਕ

ਸੱਭਿਆਚਾਰਕ

ਭਾਵਨਾਤਮਕ

ਸਮਾਜਕ

- ਡਾਕਟਰੀ ਜਾਣਕਾਰੀ
- ਐਥਲੈਟਿਕ ਸਮਰੱਥਤਾਵਾਂ

- ਸਵੈ-ਸੰਭਾਲ
- ਵਡੀਆਂ ਅਤੇ ਛੋਟੀਆਂ ਹਰਕਤਾਂ ਦੇ ਹੁਨਰ
- ਘਰ ਵਿਖੇ ਸਮਰੱਥਤਾਵਾਂ
- ਰਣਨੀਤੀਆਂ ਜਿਨ੍ਹਾਂ ਨੇ ਕੰਮ ਕੀਤਾ ਹੈ ਜਾਂ ਨਹੀਂ ਕੀਤਾ ਹੈ
- ਸੰਚਾਰ ਰਣਨੀਤੀਆਂ
- ਮੁਲਾਂਕਣ
- ਸਿੱਖਣ ਦੀਆਂ ਸ਼ੈਲੀਆਂ
- ਕੰਮ ਅਤੇ ਸਮਰੱਥਤਾਵਾਂ ਦੀਆਂ ਉਦਾਹਰਨਾਂ
- ਪ੍ਰੇਰਣਾ
- ਸੁਭਾਅ
- ਭਾਵਨਾਤਮਕ ਤੰਦਰੁਸਤੀ
- ਸੱਭਿਆਚਾਰਕ ਅਤੇ ਭਾਸ਼ਾ ਸੰਬੰਧੀ ਵਚਾਰਸ਼ੀਲਤਾਵਾਂ
- ਸਮਾਜਕ ਮੁਹਾਰਤਾਂ
- ਸਕੂਲਯਾਰਡ ਅੰਤਰਕਿਰਿਆਵਾਂ
- ਸਾਥੀਆਂ ਅਤੇ ਬਾਲਗਾਂ ਨਾਲ ਅੰਤਰਕਿਰਿਆਵਾਂ
- ਸਕੂਲ ਵਿੱਚ ਪਾਠਕ੍ਰਮ ਤੋਂ ਬਾਹਰ ਗਤੀਵਿਧੀਆਂ

## ਪਰਿਵਰਤਨ ਯੋਜਨਾ ਕੀ ਹੈ?

ਲਿਖਤੀ ਯੋਜਨਾ ਜੋ ਪ੍ਰੋਗਰਾਮਾਂ/ਮਾਰਗਾਂ ਵਿੱਚ ਰੋਜ਼ਾਨਾ, ਥੋੜ੍ਹੇ ਸਮੇਂ ਦੀਆਂ ਅਤੇ ਲੰਬੇ ਸਮੇਂ ਦੀਆਂ ਤਬਦੀਲੀਆਂ ਬਾਰੇ ਸੰਖੇਪ ਜਾਣਕਾਰੀ ਦਿੰਦੀ ਹੈ।

ਪਰਿਵਰਤਨ ਵਿੱਚ ਸ਼ਾਮਲ ਹੋ ਸਕਦਾ ਹੈ:

- ਸਕੂਲ ਵਿੱਚ ਦਾਖਲਾ
- ਇੱਕ ਗਤੀਵਿਧੀ ਤੋਂ ਦੂਜੀ ਗਤੀਵਿਧੀ
- ਇੱਕ ਕਲਾਸ ਤੋਂ ਦੂਜੀ ਕਲਾਸ
- ਗ੍ਰੇਡਾਂ ਦਰਮਿਆਨ
- ਸਕੂਲ ਤੋਂ ਸਕੂਲ
- ਐਲੀਮੈਂਟਰੀ ਸਕੂਲ ਤੋਂ ਸੈਕੰਡਰੀ ਸਕੂਲ
- ਸੈਕੰਡਰੀ ਸਕੂਲ ਤੋਂ ਸਿੱਖਿਆ, ਕੈਰੀਅਰ, ਭਾਈਚਾਰੇ ਅਤੇ ਜ਼ਿੰਦਗੀ ਦੇ ਮਾਰਗ

ਪਰਿਵਰਤਨ ਯੋਜਨਾ ਵਿੱਚ ਇਹ ਗੱਲਾਂ ਸ਼ਾਮਲ ਹੁੰਦੀਆਂ ਹਨ:

- ਵਿਅਕਤੀਗਤ ਟੀਚੇ
- ਇਹਨਾਂ ਟੀਚਿਆਂ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਕਾਰਵਾਈਆਂ
- ਲੋੜੀਂਦੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਪਛਾਣ ਕੀਤੇ ਵਿਅਕਤੀ
- ਮੁਕੰਮਲ ਕਰਨ ਲਈ ਖਾਸ ਸਮਾਂਰੇਖਾ

ਪਰਿਵਰਤਨ ਯੋਜਨਾ ਨੂੰ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ, ਸਕੂਲ, ਭਾਈਚਾਰਕ ਏਜੰਸੀਆਂ ਅਤੇ ਢੁਕਵਾਂ ਹੋਣ 'ਤੇ ਪੋਸਟ-ਸੈਕੰਡਰੀ ਭਾਈਵਾਲਾਂ ਦੇ ਸਹਿਯੋਗ ਨਾਲ ਤਿਆਰ ਕੀਤਾ ਜਾਂਦਾ ਹੈ ਅਤੇ IEP ਸਮੀਖਿਆ ਪ੍ਰਕਿਰਿਆ ਦੇ ਹਿੱਸੇ ਵੱਜੋਂ ਇਸ ਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ ਨਵਿਆਇਆ ਜਾਂਦਾ ਹੈ।

## IEP ਨੂੰ ਤਿਆਰ ਕਰਨਾ

### ਮੈਂ ਆਪਣੇ ਬੱਚੇ ਦੇ ਨਿਯੋਜਤ ਟੀਚਿਆਂ ਵਿੱਚ ਕਿਵੇਂ ਯੋਗਦਾਨ ਦੇ ਸਕਦਾ/ਸਕਦੀ ਹਾਂ?

ਆਪਣੇ ਬੱਚੇ ਦੀਆਂ ਮਜ਼ਬੂਤੀਆਂ ਅਤੇ ਲੋੜਾਂ ਨਾਲ ਸ਼ੁਰੂਆਤ ਕਰਨੀ ਇੱਕ ਮਹੱਤਵਪੂਰਨ ਪਹਿਲਾ ਕਦਮ ਹੈ। ਤੁਸੀਂ ਥੋੜ੍ਹੇ ਸਮੇਂ ਦੇ ਅਤੇ ਲੰਬੇ ਸਮੇਂ ਦੇ ਟੀਚੇ ਤੈਅ ਕਰਨ ਸਬੰਧੀ ਆਪਣੇ ਬੱਚੇ ਅਤੇ ਉਸਦੇ ਅਧਿਆਪਕ ਨਾਲ ਵਿਚਾਰ-ਵਟਾਂਦਰਿਆਂ ਵਿੱਚ ਸ਼ਾਮਲ ਹੋ ਕੇ ਮਦਦ ਕਰ ਸਕਦੇ ਹੋ।

ਬਹੁਤ ਸਾਰੇ ਸੰਗਠਨ IEP ਸਮਝਣ ਵਿੱਚ ਤੁਹਾਡੀ ਸਹਾਇਤਾ ਕਰਨ ਅਤੇ/ਜਾਂ ਵਧੀਕ ਸ੍ਰੋਤ ਮੁਹੱਈਆ ਕਰਨ ਲਈ ਉਪਲਬਧ ਹੁੰਦੇ ਹਨ। ਤੁਹਾਡੇ ਸਕੂਲ ਦਾ ਪ੍ਰਿੰਸੀਪਲ ਉਹਨਾਂ ਸੰਗਠਨਾਂ ਦੇ ਨਾਮ ਦੇ ਸਕਦਾ ਹੈ ਜੋ ਤੁਹਾਡੇ ਇਲਾਕੇ ਵਿੱਚ ਸੇਵਾ ਦਿੰਦੇ ਹਨ। ਇਹ ਜਾਣਕਾਰੀ ਸਪੈਸ਼ਲ ਐਜੂਕੇਸ਼ਨ ਐਡਵਾਇਜ਼ਰੀ (ਵਿਸ਼ੇਸ਼ ਸਿੱਖਿਆ ਸਲਾਹਕਾਰ) ਕਮੇਟੀ ਦੇ ਕਿਤਾਬਚੇ ਵਿੱਚ ਉਪਲਬਧ ਹੈ ਜੋ ਤੁਹਾਡੇ ਸਥਾਨਕ ਸਕੂਲ ਜਾਂ www.yrdsb.ca 'ਤੇ ਉਪਲਬਧ ਹੈ

## IEP ਨੂੰ ਪੂਰਾ ਕਰਨਾ

ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਜੋ ਤੁਸੀਂ ਆਪਣੇ ਬੱਚੇ ਦੀ ਉਸ ਦੇ ਟੀਚਿਆਂ ਤੱਕ ਪਹੁੰਚਣ ਲਈ ਮਦਦ ਵਾਸਤੇ ਘਰ ਵਿੱਚ ਹੀ ਕਰ ਸਕਦੇ ਹੋ।

1. ਅਧਿਆਪਕ ਤੋਂ ਪੁੱਛੋ ਕਿ ਉਹ ਪੂਰਾ ਕਰਨ ਲਈ ਕਿਹੜੀਆਂ ਯੋਜਨਾਵਾਂ ਬਣਾਉਂਦਾ/ਬਣਾਉਂਦੀ ਹੈ।
2. ਆਪਣੇ ਬੱਚੇ ਦੇ ਟੀਚਿਆਂ ਵਿੱਚ ਸਹਾਇਤਾ ਕਰਨ ਲਈ ਤੁਸੀਂ ਘਰ ਵਿੱਚ ਜੋ ਵੀ ਕਰ ਸਕਦੇ ਹੋ ਉਹ ਕਰੋ।
3. ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰਨ ਲਈ ਹਰੇਕ ਮੌਕਾ ਲਵੋ।
4. ਸਕੂਲ ਨੂੰ ਵਧੀਕ ਸਮਝ (ਅੰਤਰ-ਝਾਤ) ਅਤੇ ਸ੍ਰੋਤ ਮੁਹੱਈਆ ਕਰੋ।
5. ਢੁਕਵਾਂ ਹੋਣ 'ਤੇ ਅਹਿਮ ਵਿਅਕਤੀਗਤ/ਪਰਿਵਾਰਕ ਘਟਨਾਵਾਂ ਸਾਂਝੀਆਂ ਕਰੋ।

## IEP ਦੀ ਸਮੀਖਿਆ ਕਰਨੀ ਅਤੇ ਅਪਡੇਟ ਕਰਨਾ

ਤੁਹਾਡੇ ਬੱਚੇ ਦੇ ਟੀਚਿਆਂ ਲਈ ਉਸ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਜਾਵੇਗੀ। ਫੇਰ ਉਹਨਾਂ ਵੱਖ-ਵੱਖ ਰਣਨੀਤੀਆਂ, ਪਹੁੰਚਾਂ ਅਤੇ/ਜਾਂ ਸ੍ਰੋਤਾਂ ਨੂੰ ਸ਼ਾਮਲ ਕਰਨ ਲਈ IEP ਨੂੰ ਅੱਪਡੇਟ ਕੀਤਾ ਜਾਵੇਗਾ ਜਿਹਨਾਂ ਨੂੰ ਪੜ੍ਹਾਈ ਦੀ ਪ੍ਰਕਿਰਿਆ ਵਿੱਚ ਮਦਦ ਲਈ ਜ਼ਰੂਰੀ ਸਮਝਿਆ ਜਾਂਦਾ ਹੈ।

- ਆਪਣੇ ਬੱਚੇ ਦੇ ਅਧਿਆਪਕ ਨਾਲ ਤੈਅ ਕੀਤੇ ਟੀਚਿਆਂ ਬਾਰੇ ਗੱਲ ਕਰੋ।
- ਪ੍ਰਗਤੀ ਬਾਰੇ ਆਪਣੇ ਬੱਚੇ ਦੇ ਅਧਿਆਪਕ ਨਾਲ ਨਿਯਮਿਤ ਰੂਪ ਵਿੱਚ ਗੱਲਬਾਤ ਕਰੋ।
- ਆਪਣੇ ਬੱਚੇ ਦੇ ਰਿਪੋਰਟ ਕਾਰਡ 'ਤੇ ਟੀਚਿਆਂ ਲਈ ਵਿਕਾਸ ਦਾ ਸਬੂਤ ਦੇਖੋ।

- ਜਿੱਥੇ ਤੁਹਾਨੂੰ ਜ਼ਰੂਰਤ ਲੱਗਦੀ ਹੈ ਉੱਥੇ ਟੀਚਿਆਂ, ਰਣਨੀਤੀਆਂ ਅਤੇ/ਜਾਂ ਸ੍ਰੋਤਾਂ ਜਾਂ ਸਹਾਇਤਾ ਵਿੱਚ ਤਬਦੀਲੀਆਂ ਲਈ ਸਿਫਾਰਸ਼ ਕਰੋ।
- ਜਦੋਂ ਤੁਹਾਡਾ ਬੱਚਾ ਗ੍ਰੇਡ, ਸਕੂਲ ਬਦਲ ਰਿਹਾ ਹੁੰਦਾ ਹੈ ਜਾਂ ਕੰਮ ਵਾਲੀ ਥਾਂ 'ਤੇ ਜਾ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਸਕੂਲ ਦੇ ਵਿਚਾਰ-ਵਟਾਂਦਰਿਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਵੋ।

## YRDSB SEAC ਦੇ ਮੈਂਬਰ

Association for Bright Children - York Region North (ਲਾਇਕ ਬੱਚਿਆਂ ਲਈ ਸੰਸਥਾ - ਯੋਰਕ ਰੀਜਨ ਨੋਰਥ)
www.abcontario.ca

Association for Bright Children - York Region South (ਲਾਇਕ ਬੱਚਿਆਂ ਲਈ ਸੰਸਥਾ - ਯੋਰਕ ਰੀਜਨ ਸਾਉਥ)
www.abcontario.ca

Autism Ontario - York Region Chapter (ਔਟਿਜ਼ਮ ਓਨਟੇਰੀਓ - ਯੋਰਕ ਖੇਤਰ ਚੈਪਟਰ)
www.autismontario.com/york

The Canadian National Institute for the Blind (ਅੰਨ੍ਹੇ ਵਿਅਕਤੀਆਂ ਲਈ ਕੈਨੇਡਿਆਈ ਰਾਸ਼ਟਰੀ ਸੰਸਥਾ)
www.ctnsy.ca

Children's Treatment Network of Simcoe York (CTN) (ਚਿਲਡ੍ਰਨਜ਼ ਟ੍ਰੀਟਮੈਂਟ ਨੈਟਵਰਕ ਆਫ ਸਿਮਕੋਇ ਯੋਰਕ)
www.ctnsy.ca

Community Living Georgina (ਕਮਿਉਨਿਟੀ ਲਿਵਿੰਗ ਜੋਰਜਿਨਾ)
www.communitylivinggeorgina.com

Community Living Newmarket/Aurora District (ਕਮਿਉਨਿਟੀ ਲਿਵਿੰਗ ਨਿਊਮਾਰਕੀਟ/ਔਰੋਰਾ ਡਿਸਟ੍ਰਿਕਟ)
http://www.clnad.com/

Community Living York South (ਕਮਿਉਨਿਟੀ ਲਿਵਿੰਗ ਯੋਰਕ ਸਾਊਥ)
http://www.communitylivingyorksouth.ca/

Down Syndrome Association of York Region (ਯੋਰਕ ਖੇਤਰ ਦੀ ਡਾਊਨ ਸਿੰਡ੍ਰੋਅਮ ਐਸੋਸਿਏਸ਼ਨ)
http://www.dsayr.ca/

Early Intervention Services of York Region (ਯੋਰਕ ਖੇਤਰ ਦੀਆਂ ਸ਼ੁਰੂਅਤੀ ਦਖਲ ਸੇਵਾਵਾਂ)
http://www.york.ca/wps/portal/yorkhome/support/yr/childrenservices/

Easter Seals of Ontario (ਈਸਟਰ ਸੀਲਜ਼ ਆਫ ਓਨਟੇਰੀਓ)
www.easterseals.org

Learning Disabilities Association - York Region (ਸਿੱਖਣ ਵਿੱਚ ਅਸਮਰਥਾਵਾਂ ਸਬੰਧੀ ਸੰਘ - ਯੋਰਕ ਰੀਜਨ)
http://ldayr.org

Learning Disabilities Association– York Region North (ਸਿੱਖਣ ਵਿੱਚ ਅਸਮਰਥਾਵਾਂ ਸਬੰਧੀ ਸੰਘ - ਯੋਰਕ ਰੀਜਨ ਉੱਤਰ)
http://ldayr.org

VOICE for Hearing Impaired Children (ਸੁਣਨ ਸੰਬੰਧੀ ਕਮਜ਼ੋਰੀਆਂ ਵਾਲੇ ਬੱਚਿਆਂ ਦੀਆਂ ਅਵਾਜ਼)
http://www.voicefordeafkids.com/

York Support Services Network (ਯੋਰਕ ਸਪੋਰਟ ਸਰਵਿਸਿਜ਼ ਨੈਟਵਰਕ)
https://www.yssn.ca/

www.yrdsb.ca @YRDSB
60 Wellington Street West, Aurora, Ontario L4G 3H2